This question paper contains 2 printed pages]

Your Roll No. ..........................

**5861**

**B.A. (PROGRAMME)/II/III** **E**

PUNJABI LANGUAGE (B)—Paper II

(Intermediate Punjabi)

(Admissions of 2004/2006 and after in respect of the students of regular colleges/NCWEB.)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

**Note :** The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1 ਹੇਠ ਲਿਖੇ ਕਾਵਿ-ਬੰਦ ਨੂੰ ਪੜ੍ਹ ਕੇ ਇਸ ਵਿਚ ਪੇਸ਼ ਵਿਚਾਰ ਨੂੰ ਆਪਣੇ ਸ਼ਬਦਾਂ ਵਿਚ ਲਿਖੋ : 15

ਮੋਈ ਮਿੱਟੀ ਕੂਕਦੀ ਉਹਦੇ ਸੁਬਕ ਮਲੂਕ ਕਦਮਾਂ ਨੂੰ ਚੁੰਮ ਕੇ,
ਬਾਰ ਦੇ ਫੁੱਲਾਂ ਨੂੰ ਖ਼ਬਰ ਉਹਦੇ ਕਾਲੇ ਕੇਸਾਂ ਦੀ, ਖ਼ੁਸ਼ਬੂ ਦੀ,
ਨੀਲੇ ਤੇ ਲਾਲ ਰੰਗੇ ਬਸਤਰ ਵਾਕਫ਼
ਦਿਸਦੇ ਉਹਦੀ ਰੂਹ ਤੇ ਸਹਿਜ ਸੁਹਣੱਪ-ਅਹੰਕਾਰ ਦੇ,
ਕਿਝ ਦੁਪਹਿਰ ਦੀਆਂ ਵਗਦੀਆਂ ਹਵਾਵਾਂ ਨਾਲ
ਆਲਸ-ਖ਼ੁਸ਼ੀ ਰੰਗ ਵਿਚ ਜਾਂਦੇ

ਜਾਂ

ਹੇਠ ਲਿਖੇ ਪੈਰ੍ਹੇ ਨੂੰ ਸਮਝ ਕੇ ਆਪਣੇ ਸ਼ਬਦਾਂ ਵਿਚ ਲਿਖੋ:

ਬਹਾਦਰੀ ਦਾ ਜੀਵਨ ਹੀ ਸਭ ਤੋਂ ਵਧੀਆ ਜੀਵਨ ਹੁੰਦਾ ਹੈ। ਅਜਿਹੇ ਜੀਵਨ ਦੀ ਸਭ ਤੋਂ ਵੱਡੀ ਪਛਾਣ ਇਹ ਹੈ ਕਿ ਇਹ ਇਸ ਗੱਲ ਦੀ ਚਿੰਤਾ ਨਹੀਂ ਕਰਦਾ ਕਿ ਤਮਾਸ਼ਾ ਦੇਖਣ ਵਾਲੇ ਲੋਕ ਉਹਦੇ ਬਾਰੇ ਕੀ ਸੋਚਦੇ ਹੋਣਗੇ। ਲੋਕਾਂ ਦੀ ਪਰਵਾਹ ਕੀਤੇ ਬਿਨਾਂ ਜੀਉਣ ਵਾਲਾ ਆਦਮੀ ਹੀ ਦੁਨਿਆਂ ਦੀ ਅਸਲੀ ਤਾਕਤ ਹੁੰਦਾ ਹੈ ਅਤੇ ਮਨੁੱਖਤਾ ਨੂੰ ਰੌਸ਼ਨੀ ਵੀ ਅਜਿਹੇ ਆਦਮੀ ਤੋਂ ਹੀ ਮਿਲਦੀ ਹੈ। ਆਲੇ-ਦੁਆਲੇ ਤੋਂ ਡਰ-ਛਰ ਕੇ ਚਲਣਾ ਸਧਾਰਨ ਜੀਵ ਦਾ ਕੰਮ ਹੁੰਦਾ ਹੈ।ਕ੍ਰਾਂਤੀ ਕਰਨ ਵਾਲੇ ਬਹਾਦਰ ਲੋਕ ਨਾ ਤਾਂ ਆਪਣੇ ਉਦੇਸ਼ ਦੀ ਤੁਲਨਾ ਕਿਸੇ ਗੁਆਂਢੀ ਦੇ ਉਦੇਸ਼ ਨਾਲ ਕਰਦੇ ਹਨ ਅਤੇ ਨਾ ਆਪਣੀ ਚਾਲ ਨੂੰ ਗੁਆਂਢੀ ਦੀ ਚਾਲ ਦੇਖ ਕੇ ਮੱਧਮ ਕਰਦੇ ਹਨ।

2 ਟੈਲੀਵਿਜਨ ਕੇਂਦਰ ਦੇ ਡਾਇਰੈਕਟਰ ਨੂੰ ਸ਼ਿਕਾਇਤ ਪੱਤਰ ਲਿਖੋਂ ਜਿਸ ਵਿਚ ਨੈਸ਼ਨਲ ਚੈਨਲ ਤੇ ਦਿਖਾਏ ਜਾ ਰਹੇ ਪੰਜਾਬੀ ਪ੍ਰੋਗ੍ਰਾਮਾਂ ਵਿਚਲੀਆਂ ਕਮੀਆ ਦੱਸੋ। 10

ਜਾਂ

ਆਪਣੀ ਮਨਪਸੰਦ ਪੁਸਤਕ ਦੀ ਕਹਾਣੀ ਦਾ ਸਾਰ 300 ਸ਼ਬਦਾਂ ਵਿਚ ਲਿਖੋ।

P.T.O.

3 ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : 5

ਸ਼ੈਹਰ, ਮੋਹਨਤ, ਚਾਹੀਦਾ, ਪਿਯਾਰ, ਕਲਯਾਣ

4 'ਹ' ਦੀ ਸ਼ੁੱਧ ਵਰਤੋ ਦੇ ਨੇਮ ਉਦਾਹਰਣਾ ਦੇ ਕੇ ਸਮਝਾਓ। 10

5 ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ ਉਪਰ ਇਸ਼ਤਿਹਾਰ ਤਿਆਰ ਕਰੋ: 10

(ੳ) ਕਾਰ ਵੇਚਣ ਲਈ

(ਅ) ਗੁਮਸ਼ੁਦਾ ਦੀ ਤਲਾਸ਼

(ੲ) ਮਕਾਨ ਖਰੀਦਣ ਲਈ

6 ਆਪਣੇ ਮਨ-ਪਸੰਦ ਖਾਣੇ ਨੂੰ ਬਣਾਉਣ ਦੀ ਵਿਧੀ ਲਿਖੋ। 5

7 ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਵੇ: 5

ਉਸਤਾਦੀ ਕਰਨੀ, ਅਸਮਾਨ ਤੇ ਚੜ੍ਹਾਉਣਾ, ਸੁਆਹ ਉਡਾਉਣੀ, ਗਲ ਪਿਆ ਢੋਲ ਵਜਾਉਣਾ, ਕੁੱਤੇ ਦੀ ਮੌਤ ਮਰਨਾ

8 ਹੇਠ ਲਿਖੇ ਸ਼ਬਦਾਂ ਨੂੰ ਸ਼ਬਦ ਕੋਸ਼ ਅਨੁਸਾਰ ਲਗਾਓ : 5

ਸਿਰਜਣਾ, ਕਬੂਤਰ, ਔਖਾ, ਫ਼ਤਹਿ, ਢੁੱਕਣਾ

9 ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ਇਕ 'ਤੇ ਭਾਸ਼ਣ ਤਿਆਰ ਕਰੋ : 10

(ੳ) ਅੱਜ ਦੀ ਰਾਜਨੀਤੀ

(ਅ) ਅਸੁਰੱਖਿਅਤ ਰਾਜਧਾਨੀ